Directorate of Education, GNCT of Delhi

Practice Paper

Mid Term

Session 2022-23

Class-VII

Subject-Punjabi

Time- 2 ½ hrs M.M- 60

1. ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਬਹੁਵਿਕਲਪੀ ਪ੍ਰਸ਼ਨਾਂ ਦੇ ਉੱਤਰ ਦਿਓ| 2x5=10

ਐਤਵਾਰ ਦਾ ਦਿਨ ਸੀ| ਮੌਸਮ ਬੜਾ ਸੁਹਾਵਣਾ ਸੀ|ਠੰਢੀ-ਠੰਢੀ ਹਵਾ ਚੱਲ ਰਹੀ ਸੀ|ਸਕੂਲ ਦੀ ਛੁੱਟੀ ਸੀ| ਮੋਹਨ ਨੇ ਸਵੇਰੇ-ਸਵੇਰੇ ਉੱਠ ਕੇ ਮੂੰਹ-ਹੱਥ ਧੋਤੇ, ਉਹ ਪਾਰਕ ਵਿੱਚ ਚਲਾ ਗਿਆ|ਪਾਰਕ ਵਿੱਚ ਚਾਰੇ-ਪਾਸੇ ਹਰਿਆਲੀ ਸੀ|

ੳ) ਕਿਹੜਾ ਦਿਨ ਸੀ?

i. ਮੰਗਲਵਾਰ
ii. ਵੀਰਵਾਰ
iii. ਐਤਵਾਰ
iv. ਸ਼ਨੀਵਾਰ

ਅ) ਕਿਸ ਤਰ੍ਹਾਂ ਦੀ ਹਵਾ ਚੱਲ ਰਹੀ ਸੀ?

i. ਗਰਮ
ii. ਠੰਢੀ
iii. ਪ੍ਰਦੂਸ਼ਿਤ
iv. ਤੇਜ਼

ੲ) ਛੁੱਟੀ ਕਿੱਥੇ ਸੀ?

i. ਦਫ਼ਤਰ
ii. ਸਕੂਲ
iii. ਮੰਡੀ
iv. ਇਹਨਾਂ ਵਿੱਚੋਂ ਕੋਈ ਨਹੀਂ

ਸ) ਮੋਹਨ ਨੇ ਸਵੇਰੇ ਉੱਠ ਕੇ ਕੀ ਕੀਤਾ?

i. ਨਹਾਇਆ
ii. ਰੋਟੀ ਖਾਧੀ
iii. ਪੜ੍ਹਿਆ
iv. ਮੂੰਹ-ਹੱਥ ਧੋਤੇ

ਹ) ਪਾਰਕ ਵਿੱਚ ਚਾਰੇ ਪਾਸੇ ਕੀ ਸੀ?

i. ਹਰਿਆਲੀ
ii. ਗੰਦਗੀ
iii. ਸਫ਼ਾਈ
iv. ਚਿੱਕੜ

2. ਪਾਠ ਅਧਾਰਤ ਬਹੁਵਿਕਲਪੀ ਪ੍ਰਸ਼ਨ ( ਕੋਈ ਪੰਜ) 1x5=5

ੳ ) ਲੇਖਿਕਾ ਕਿਹੜੀਆਂ ਛੁੱਟੀਆਂ ਵਿੱਚ ਓੜੀਸ਼ਾ (ਪੁਰੀ) ਘੁੰਮਣ ਗਈ?

i. ਵੱਡੇ ਦਿਨਾਂ ਦੀਆਂ
ii. ਗਰਮੀ ਦੀਆਂ
iii. ਦਸਹਿਰੇ ਦੀਆਂ
iv. ਦੀਵਾਲੀ ਦੀਆਂ

ਅ) ਲੇਖਿਕਾ ਨੇ ਸਫ਼ਰ ਕਿਸ ਸਾਧਨ ਰਾਹੀਂ ਕੀਤਾ?

i. ਹਵਾਈ ਜਹਾਜ਼
ii. ਬਸ
iii. ਸਮੁੰਦਰੀ ਜਹਾਜ਼
iv. ਰੇਲਗੱਡੀ

ੲ) ਪੁਰੀ ਪਹੁੰਚ ਕੇ ਲੇਖਿਕਾ ਨੇ ਪਹਿਲੀ ਵਾਰੀ ਕੀ ਵੇਖਿਆ?

i. ਨਹਿਰ
ii. ਸਮੁੰਦਰ
iii. ਝੀਲ਼
iv. ਦਰਿਆ

ਸ) ਮਾਸਟਰ ਵਰਮਾ ਨੂੰ ਸੇਵਾ ਮੁਕਤ ਹੋਏ ਕਿੰਨਾ ਸਮਾਂ ਹੋਇਆ ਸੀ?

i. ਇੱਕ ਵਰ੍ਹਾ
ii. ਛੇ ਮਹੀਨੇ
iii. ਤਿੰਨ ਮਹੀਨੇ
iv. ਇੱਕ ਮਹੀਨਾ

ਹ) ਨਵੇਂ ਮਕਾਨ ਵਿੱਚ ਅਸਲੀ ਭੂਤ ਕੌਣ ਸਨ?

i. ਨੇਵਲੇ
ii. ਚੂਹੇ
iii. ਕੋੜ੍ਹਕਿਰਲੀਆਂ
iv. ਬਿੱਲੀਆਂ

3. ਕੋਈ ਪੰਜ ਵਿਰੋਧੀ ਸ਼ਬਦ ਲਿਖੋ| 1x5=5

ਦਿਨ, ਖੁਸ਼ੀ, ਨਿਰਾਸ਼ਾ, ਸਾਫ਼, ਪਸੰਦ, ਠੰਢੀ

4. ਕੋਈ ਪੰਜ ਸ਼ਬਦ ਗੁਰਮੁਖੀ ਲਿਪੀ ਵਿੱਚ ਲਿਖੋ| 1x5=5

चिंता, नियम, भक्त, तस्वीर, लहर, पवित्र

5. ਹੇਠ ਦਿੱਤੇ ਸ਼ਬਦਾਂ ਵਿੱਚੋਂ ਕੋਈ ਪੰਜ ਨਾਂਵ ਸ਼ਬਦਾਂ ਉੱਤੇ ਗੋਲਾ ਲਗਾਓ| 1x5=5

ਕੁਰਸੀ, ਦਿੱਲੀ, ਮੈਂ, ਕਿਤਾਬ, ਭਗਤ ਸਿੰਘ, ਤੁਸੀਂ, ਕਨੇਡਾ

6. ਹੇਠ ਲਿਖੇ ਕੋਈ ਪੰਜ ਪ੍ਰਸ਼ਨਾਂ ਦੇ ਉੱਤਰ ਦਿਓ| 1x5=5

i. ਮਾਂ ਕਦੋਂ ਸਰਫ਼ਾ ਨਹੀਂ ਕਰਦੀ?
ii. ਦੂਜਾ ਸ਼ਰਧਾਲੂ ਕੀ ਕੰਮ ਕਰਦਾ ਸੀ?
iii. ਆਲੋਕ ਦੇ ਘਰ ਚੀਜ਼ਾਂ ਨਾ ਗੁਆਚਣ ਦਾ ਕੀ ਕਾਰਨ ਸੀ?
iv. ਪੁਰੀ ਦੇ ਲੋਕਾਂ ਦਾ ਰਹਿਣ-ਸਹਿਣ ਕਿਹੋ ਜਿਹਾ ਹੈ?
v. ਚੰਗਾ ਮਕਾਨ ਮਿਲਣ ਦੀ ਖਬਰ ‘ਤੇ ਮਾਸਟਰ ਵਰਮਾ ਦੇ ਮਨ ਵਿੱਚ ਤੌਖਲਾ ਕਿਉਂ ਸੀ?
vi. ਸਾਨੂੰ ਸਾਹ ਲੈਣ ਲਈ ਰੁੱਖ ਕੀ ਦਿੰਦੇ ਹਨ?
vii. ਕਿਹੜੇ ਪੰਛੀ ਨਿਮੋਲੀਆ ਖਾਣਾ ਪਸੰਦ ਕਰਦੇ ਹਨ?

7. ਹੇਠ ਦਿੱਤੇ ਸ਼ਬਦਾਂ ਨੂੰ ਸਹੀ ਖਾਲੀ ਸਥਾਨ ਵਿੱਚ ਭਰੋ| (ਕੋਈ ਪੰਜ)

1x5=5

ਫਲ, ਕਲਮਦਾਨ, ਕਿੱਕਰ, ਕੰਮ, ਸਿੱਖਿਆ, ਬਸਤੇ

i. ਕੰਮ ਬਿਨਾਂ ਬੰਦਾ ਕਿਸ ਕੰਮ --------|
ii. ਸਾਧੂ ਨੇ ਸ਼ਰਧਾਲੂਆਂ ਨੂੰ ---------ਦੇ ਕੇ ਤੋਰ ਦਿੱਤਾ|

iii. ਉਹ ਕਾਹਲੀ ਨਾਲ -----ਡੈਸਕਾਂ ਉੱਤੇ ਸੁੱਟ ਕੇ ਸਵੇਰ ਸਭਾ ਵਿੱਚ ਪਹੁੰਚਦੇ|

iv. ਮੈਂ ਪਾਊਡਰ ਦੇ ਪੁਰਾਣੇ ਡੱਬੇ ਨੂੰ ਕੱਟ ਕੇ, ਸਵਾਰ ਕੇ ----------ਬਣਾ ਲਿਆ ਹੈ|

v. ਰੁੱਖ ਸਾਨੂੰ ਮਿੱਠੇ ਮਜ਼ੇਦਾਰ -----ਅਤੇ ਸੁਹਣੇ ਸੁੰਦਰ ਫੁੱਲ ਦਿੰਦੇ ਹਨ|

vi. ---------ਵਿੱਚ ਕਈ ਦਵਾ-ਦਾਰੂ ਦੇ ਗੁਣ ਵੀ ਹਨ|

8. ਹੇਠ ਲਿਖੇ ਵਾਕਾਂ ਵਿੱਚ ਸਹੀ ਵਾਕ ਅੱਗੇ (v)ਤੇ ਗਲਤ ਵਾਕ ਅੱਗੇ (x) ਦਾ ਚਿੰਨ੍ਹ ਲਗਾਓ|

1x5=5

i. ਆਲੋਕ ਛੇਤੀ ਤਿਆਰ ਹੋ ਕੇ ਆ ਜਾਂਦਾ| ( )

ii. ਬੇਬੀ ਨੇ ਇਕਬਾਲ ਦੀ ਸਾਈਕਲ ਦੀ ਚਾਬੀ ਰੱਖਣ ਦਾ ਪੱਕਾ ਟਿਕਾਣਾ ਦੱਸਿਆ| ( )

iii. ਸਮੁੰਦਰ ਬਹੁਤ ਸ਼ਾਂਤ ਸੀ| ( )

iv. ਜਗਨਨਾਥ ਮੰਦਰ ਤੇਰ੍ਹਵੀਂ ਸਦੀ ਦਾ ਬਣਿਆ ਮੰਦਰ ਹੈ| ( )

v. ਸਰਕਾਰੀ ਨੌਕਰੀ ‘ਤੇ ਰਹਿੰਦਿਆਂ ਮਾਸਟਰ ਵਰਮਾ ਨੇ ਕਈ ਵਾਰ ਮਕਾਨ ਖਰੀਦਿਆ| ( )

vi. ਲੋਕਾਂ ਨੂੰ ਮਾਸਟਰ ਵਰਮਾ ਦੀ ਸਮਝਦਾਰੀ ਉੱਤੇ ਮਾਣ ਸੀ| ( )

9. ਹੇਠ ਦਿੱਤੇ ਕੋਈ ਪੰਜ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ| 1x5=5

ਔਲਾਦ, ਲੋਰੀ, ਬੂੰਦ, ਖੰਡ, ਇਤਿਹਾਸਿਕ, ਉਤਸ਼ਾਹ

10.ਲੇਖ 5

ਮੇਰਾ ਸਕੂਲ

11.ਆਪਣੇ ਸਕੂਲ ਮੁਖੀ ਨੂੰ ਪੰਜਾਬੀ ਵਿਸ਼ਾ ਲੈਣ ਲਈ ਬਿਨੈ-ਪੱਤਰ ਲਿਖੋ| 5